**State Council of Educational Research & Training, Punjab**
**Block-E, 6th Floor, Punjab School Education Board Complex**
**Phase 8, Sector 62, Mohali,160062 Punjab**
**Phone:** 0172-2212221, **Fax:** 0172-2212793,**Website:***www.scertpunjab.ac.in*

ਵੱਲ

ਸਮੂਹ ਸਕੂਲ ਮੁੱਖੀ
ਮਿਡਲ /ਹਾਈ/ਸੀਨੀਅਰ ਸੈਕੰਡਰੀ
ਪੰਜਾਬ ।

**ਮੀਮੋ ਨੰ: ਐਸ.ਸੀ.ਈ.ਆਰ.ਟੀ/ਸਮੱਗਰਾ/2019/** 2019377329-412
**ਮਿਤੀ:** 05.11.19

**ਵਿਸ਼ਾ:- English Communication Skills - Practice Sheets ਅਤੇ ਅੰਗਰੇਜ਼ੀ ਵਿਸ਼ੇ ਦੇ ਪ੍ਰੈਕਟੀਕਲ ਸਬੰਧੀ ਜ਼ਰੂਰੀ ਹਦਾਇਤਾਂ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਛੇਵੀਂ ਤੋਂ ਬਾਰਵੀਂ ਜਮਾਤਾਂ ਦੇ ਵਿਦਿਆਰਥੀਆਂ ਦੇ English Communication Skills (Listening, Speaking, Reading & Writing)ਦੇ ਵਿਕਾਸ ਹਿੱਤ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ English Communication Skills- Practice Sheets ਪ੍ਰਤੀ ਵਿਦਿਆਰਥੀ ਭੇਜੀਆਂ ਜਾ ਰਹੀਆਂ ਹਨ।ਇਹ Practice Sheetsਸਿਲੇਬਸ ਆਧਾਰਿਤ ਹਨ ਅਤੇ ਇਹਨਾਂ Practice Sheets ਦਾ ਸਾਰਾ Content ਅੰਗਰੇਜ਼ੀ ਪਾਠ ਪੁਸਤਕਾਂ ਵਿੱਚੋਂ ਹੀ ਲਿਆ ਗਿਆ ਹੈ।
3. Listening Practice ਲਈ Audio Clips ਮੁੱਖ ਦਫ਼ਤਰ ਵੱਲੋਂ ਭੇਜੀਆਂ ਜਾਣਗੀਆਂ।ਵਿਦਿਆਰਥੀਆਂ ਵੱਲੋਂ Practice Sheets ਦੇ Listening Exercise ਹੱਲ ਕਰਨ ਸਮੇਂ, ਅਧਿਆਪਕ ਵੱਲੋਂ Audio Play ਕੀਤੀ ਜਾਵੇਗੀ। ਵਿਦਿਆਰਥੀ Audio ਨੂੰ ਧਿਆਨ ਨਾਲ ਸੁਣਨਗੇ ਅਤੇ Practice Sheet ਵਿਚਲੇ ਪ੍ਰਸ਼ਨਾਂ ਦੇ ਉੱਤਰ ਦੇਣਗੇ।ਇਸੇ ਤਰਾਂ ਹੀ Speaking, Reading & Writing Exercises ਨੂੰ ਹੱਲ ਕਰਨ ਲਈ Practice Sheets ਵਿੱਚ ਪੁੱਛੇ ਗਏ ਪ੍ਰਸ਼ਨਾਂ ਅਨੁਸਾਰ ਉੱਤਰ ਦਿੱਤੇ ਜਾਣ।
4. ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸ ਦੀ ਮੋਨੀਟਰਿੰਗ ਅੰਗਰੇਜ਼ੀ/ਸਮਾਜਿਕ ਵਿਗਿਆਨ ਡੀ.ਐਮਜ਼ /ਬੀ.ਐਮਜ਼ ਅਤੇ ਸਿੱਖਿਆ ਸੁਧਾਰ ਟੀਮਾਂ ਦੁਆਰਾ ਕੀਤੀ ਜਾਵੇਗੀ।
5. ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸੈਸ਼ਨ 2019-20 ਦੀਆਂ ਸਲਾਨਾ ਪ੍ਰੀਖਿਆਵਾਂ ਦੌਰਾਨ ਛੇਵੀਂ ਤੋਂ ਬਾਰਵੀਂ ਜਮਾਤਾਂ ਦੇ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ ਲੈਣ ਦਾ ਫ਼ੈਸਲਾ ਵੀ ਲਿਆ ਗਿਆ ਹੈ।ਇਹ ਪ੍ਰੈਕਟੀਕਲ internal ਹੋਵੇਗਾ। 10 ਅੰਕਾਂ ਦੇ ਇਸ ਪ੍ਰੈਕਟੀਕਲ ਵਿੱਚ 6 ਨੰਬਰ Listening ਅਤੇ 4 ਨੰਬਰ Speaking ਨੂੰ ਦਿੱਤੇ ਗਏ ਹਨ। ਇਹ ਪ੍ਰੈਕਟੀਕਲ English Communication Skills- Practice Sheets ਵਿਚਲੀਆਂ Listening ਅਤੇ Speaking Exercises ਵਿੱਚੋਂ ਲਿਆ ਜਾਵੇਗਾ।
6. ਬੋਰਡ ਕਲਾਸਾਂ (ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤਾਂ) ਸਮੇਤ ਸਾਰੀਆਂ ਹੀ ਜਮਾਤਾਂ ਦੇ ਅੰਗਰੇਜ਼ੀ ਵਿਸ਼ੇ ਦੇ ਪ੍ਰੈਕਟੀਕਲ ਨਾਲ ਸਬੰਧਤ ਪ੍ਰਸ਼ਨ ਪੱਤਰ ਅਤੇ Audio Clips ਮੁੱਖ ਦਫ਼ਤਰ ਵੱਲੋਂ ਭੇਜੀਆਂ ਜਾਣਗੀਆਂ।
7. ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**

ਪਿੱਠ ਅੰਕਣ ਨੰ: **ਐਸ.ਸੀ.ਈ.ਆਰ.ਟੀ/ਸਮੱਗਰਾ/2019/** 413 **ਮਿਤੀ:** 05.11.19
ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਸਮੂਹ ਡੀ.ਐਮਜ਼ (ਅੰਗਰੇਜ਼ੀ/ ਸਮਾਜਿਕ ਵਿਗਿਆਨ )
3. ਡੀ.ਐਮ.(ਐਮ.ਆਈ.ਐਸ.) ਨੂੰ ਵੈਬਸਾਇਟ ਤੇ ਪਾਉਣ ਹਿੱਤ
4. ਸਮੂਹ ਜ਼ਿਲ੍ਹਾ ਇੰਚਾਰਜ, ਸਿੱਖਿਆ ਸੁਧਾਰ ਟੀਮ

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**